# 6

# ਰਸੂਲਾਂ ਦੇ ਕੰਮ ਵਿਚ ਮਨਬਦਲੀਆਂ ਅਤੇ ਨਾ ਬਦਲਣ ਵਾਲੇ

ਰਸੂਲਾਂ ਦੇ ਕੰਮ ਵਿਚ ਮਨ ਬਦਲੀ ਦੀਆਂ ਬਹੁਤ ਸਾਰੀਆਂ ਉਦਾਰਹਣਾਂ ਹਨ। ਪਹਿਲੀ ਸਦੀ ਦੇ ਪ੍ਰਚਾਰਕਾਂ ਤੋਂ ਵਚਨ ਦਾ ਪ੍ਰਚਾਰ ਸੁਣ ਕੇ ਐਨੇ ਲੋਕਾਂ ਦੁਆਰਾ ਖ਼ੁਸ਼ਖ਼ਬਰੀ ਨੂੰ ਸੁਣ ਕੇ ਇਕਦਮ ਮੰਨ ਲੈਣ ਵਾਲਿਆਂ ਵਿੱਚੋਂ ਸਾਡਾ ਦਿਲ ਰੁਮਾਂਚਿਤ ਹੋ ਉਠਦਾ ਹੈ। ਜਦ ਅਸੀਂ ਦੂਜਿਆਂ ਨੂੰ ਮੁਕਤੀ ਪਾਉਣ 'ਤੇ ਅਧਾਰਿਤ ਵੇਖਦੇ ਹਾਂ ਤਾਂ ਅਸੀਂ ਵੀ ਅਨੰਦਿਤ ਹੁੰਦੇ ਹਾਂ। ਪਰ ਕਈ ਵਾਰ, ਅਸੀਂ ਇਨ੍ਹਾ ਲੋਕਾਂ ਨੂੰ ਪ੍ਰਚਾਰ ਕਰਦੇ ਅਤੇ ਕੁਝ ਨਤੀਜਾ ਨਾ ਨਿਕਲਣ 'ਤੇ ਨਿਰਾਸ਼ ਹੋਇਆ ਵੇਖਦੇ ਹਾਂ। ਕਈ ਵਾਰ ਤਾਂ ਸੁਣਨ ਵਾਲੇ ਬਿਨਾਂ ਮਨ ਬਦਲੀ ਹੋਇਆਂ ਹੀ ਚਲੇ ਗਏ। ਉਨ੍ਹਾਂ ਦੀ ਮਨ ਬਦਲੀ ਹੋਣ ਵਾਲਿਆਂ ਵਿਚ ਕੀ ਫ਼ਰਕ ਸੀ? ਇਸ ਪਾਠ ਵਿਚ ਸਾਡਾ ਅਧਿਐਨ ਇਹੀ ਹੈ।

## ਮਨਬਦਲੀ ਦੀਆਂ ਗੱਲਾਂ

ਸਾਨੂੰ ਮਨ ਬਦਲੀ 'ਤੇ ਅਧਾਰਤ ਮੁਕਤੀ ਦੀ ਯੋਜਨਾ ਤੇ ਨਵੇਂ ਨੇਮ ਦੀ ਸਪੱਸ਼ਟ ਸਿੱਖਿਆ ਨੂੰ ਸਮਝਣ ਦੀ ਲੋੜ ਹੈ। ਇਸ ਯੋਜਨਾ ਵਿਚ ਬਹੁਤ ਸਾਰੀਆਂ ਗੱਲਾਂ ਹਨ, ਅਤੇ ਇਹ ਗੱਲਾ ਖ਼ੁਦਾ ਦੇ ਮੁੜ ਤੋਂ ਸਬੰਧ ਕਾਇਮ ਕਰਨ ਦੀ ਜ਼ੰਜੀਰ ਦੇ ਕੁੰਡਿਆਂ ਵਾਂਗੂ ਹਨ। ਇਸ ਪਾਠ ਵਿਚ ਅਸੀਂ ਉਨਾਂ ਗੱਲਾਂ ਤੇ ਧਿਆਨ ਦਿਆਂਗੇ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਸਾਡੀ ਮੁਕਤੀ ਲਈ ਸਹਾਇਕ ਹਨ। ਉਨ੍ਹਾਂ ਨੂੰ ਅਸੀਂ ਹੇਠ ਲਿਖੇ ਤਿੰਨ ਸਿਰਲੇਖਾਂ ਹੇਠ ਰੱਖ ਸਕਦੇ ਹਾਂ।

**ਸਵਰਗ ਦਾ ਯੋਗਦਾਨ**

1. *ਖ਼ੁਦਾ* (2 ਤਿਮੋਥਿਉਸ 1:8, 9)। ਮੁਕਤੀ ਦੀ ਮੂਲ ਯੋਜਨਾ ਅਤੇ ਰੂਪ ਰੇਖਾ ਬਣਾਉਣ ਵਾਲਾ ਉਹੀ ਹੈ; ਇਸ ਲਈ ਮੁਕਤੀ ਦੁਆਉਣ ਵਾਲਾ ਖ਼ੁਦਾ ਹੀ ਹੈ। ਸਭ ਬਰਕਤਾਂ ਉਹਦੇ ਵੱਲੋਂ ਮਿਲਦੀਆਂ ਹਨ। ਉਹਨੇ ਰੂਪ ਰੇਖਾ ਬਣਾਈ ਭਾਵ ਉਹਨੇ ਸਾਡੀ ਮੁਕਤੀ ਦੀ ਯੋਜਨਾ ਬਣਾਈ ਹੈ।

2. *ਕਿਰਪਾ* (ਅਫ਼ਸੀਆਂ 2:5)। ਮੁਕਤੀ ਦੀ ਪੇਸ਼ਕਸ਼ ਕਰਨਾ ਖ਼ੁਦਾ ਦੀ ਮਜਬੂਰੀ ਨਹੀਂ ਸੀ। ਇਹ ਤਾਂ ਸਾਡੇ ਉੱਤੇ ਕੀਤੀ ਗਈ ਉਹਦੀ ਉਹ ਦਇਆ ਹੈ ਜਿਹਦੇ ਅਸੀਂ ਯੋਗ ਨਹੀਂ ਸਾਂ। ''ਕਿਰਪਾ'' ਦਾ ਇਹੀ ਅਰਥ ਹੈ। ਅਸੀਂ ਮੁਕਤੀ ਪਾਉਣ ਦੇ ਹੱਕਦਾਰ ਨਹੀਂ ਸਾਂ।

3. *ਮਸੀਹ* (ਮੱਤੀ 1:21)। ਖ਼ੁਦਾ ਦਾ ਕਿਰਪਾ ਆਪਣੇ ਪੁੱਤਰ ਨੂੰ ਬਖ਼ਸ਼ਣ ਤੋਂ ਸਮਝ ਆਉਂਦਾ ਸੀ (ਯੂਹੰਨਾ 3:16)। ਯਿਸੂ ਮਸੀਹ ਸਾਡਾ ਮੁਕਤੀਦਾਤਾ ਹੈ।

4. *ਮਸੀਹ ਦਾ ਲਹੂ* (ਮੱਤੀ 26:28)। ਕਲਵਰੀ ਵਾਲੀ ਸਲੀਬ ’ਤੇ ਵਹਿਆ ਯਿਸੂ ਦਾ ਲਹੂ ਪਾਪ ਦੇ ਪ੍ਰਾਸਚਿਤ ਲਈ ਸੀ। ਬਿਨਾ ਲਹੂ ਵਹਾਏ, ਮਾਫ਼ੀ ਹੋ ਹੀ ਨਹੀਂ ਸਕਦੀ (ਇਬਰਾਨੀਆਂ 9:22)।

5. *ਪਵਿੱਤਰ ਆਤਮਾ* (1 ਕੁਰਿੰਥੀਆਂ 6:11)। ਮਸੀਹ ਦੇ ਜਾਣ ਤੋਂ ਬਾਅਦ ਜਗਤ ਵਿਚ ਪਵਿੱਤਰ ਆਤਮਾ ਭੇਜਿਆ ਗਿਆ। ਉਹਦਾ ਕੰਮ ਮਨੁੱਖ ਦੀ ਮੁਕਤੀ ਦੀ ਯੋਜਨਾ ਨੂੰ ਪ੍ਰਗਟ ਕਰਨਾ ਸੀ। ਉਹਨੇ ਸਮਰੱਥਾ ਦੇ ਕੇ ਕੁਝ ਲੋਕਾਂ ਨੂੰ ਬੋਲਣ ਦੀ ਪ੍ਰੇਰਣਾ ਦਿੱਤੀ (ਰਸੂਲਾਂ ਦੇ ਕੰਮ 2:4)। ਆਤਮਾ ਰਾਹੀਂ, ਮਨੁੱਖ ਤਕ ਵਚਨ ਪਹੁੰਚਾਇਆ ਗਿਆ।

6. *ਖ਼ੁਦਾ ਦਾ ਵਚਨ, ਜਾਂ ਇੰਜੀਲ* (ਰੋਮੀਆਂ 1:16)। ਇੰਜੀਲ ਦੇ ਸੰਦੇਸ਼ ਵਿਚ ਮੁਕਤੀ ਲਈ ਖ਼ੁਦਾ ਦੀ ਸ਼ਕਤੀ ਹੈ। ਉਸ ਸੰਦੇਸ਼ ਨੂੰ ਸੁਣਨ ਵਾਲੇ ਹਰ ਸ਼ਖ਼ਸ ਲਈ ਬਚਾਏ ਜਾਣ ਦਾ ਮੌਕਾ ਹੈ।

ਹੁਣ ਤਕ ਕਹੀਆਂ ਗਈਆਂ ਗੱਲਾਂ ਮਨੁੱਖ ਦੇ ਸਵਰਗ ਜਾਣ ਲਈ ਜ਼ਰੂਰੀ ਹਨ। ਜ਼ੰਜੀਰ ਦੇ ਕੁੰਡੇ ਵਾਂਗ ਇਸ ਵਿਚਲੀ ਹਰ ਗੱਲ ਜ਼ਰੂਰੀ ਹੈ। ਇਹ ਬਿਲਕੁਲ ਨਹੀਂ ਸੋਚਣਾ ਚਾਹੀਦਾ ਹੈ ਕਿ ਕਿਸੇ ਆਇਤ ਵਿਚ ਬਚਾਏ ਜਾਣ ਦੀ ਗੱਲ ਮਜ਼ਬੂਤੀ ਨਾਲ ਕਹਿਣ ਅਤੇ ਹੋਰਨਾਂ ਵਿਚ ਕਿਸੇ ਹੋਰ ’ਤੇ ਨਿਰਭਰ ਹੋਣ ਕਰਕੇ ਉਨ੍ਹਾਂ ਵਿਚ ਵਿਰੋਧ ਹੈ।

**ਮਨੁੱਖੀ ਯੋਗਦਾਨ**

ਮੁਕਤੀ ਦੀ ਯੋਜਨਾ ਦੇ ਦੂਜੇ ਭਾਗ ਦਾ ਅਧਿਐਨ ਕਰਦਿਆਂ, ਸਾਨੂੰ ਕੁਝ ਗੱਲਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਮਨੁੱਖ ਨੂੰ ਸ਼ਾਮਿਲ ਕੀਤਾ ਗਿਆ ਹੈ। 2 ਕੁਰਿੰਥੀਆਂ 4:7 ਅਨੁਸਾਰ ਖ਼ੁਸ਼ਖ਼ਬਰੀ ਨੂੰ ਮਿੱਟੀ ਦੇ ਭਾਂਡਿਆਂ ਵਿਚ ਪਾ ਕੇ ਸੁਣਨ ਵਾਲਿਆਂ ਤਕ ਲਿਜਾਇਆ ਜਾਂਦਾ ਹੈ (ਵੇਖੋ ਰੋਮੀਆਂ 11:14; 1 ਕੁਰਿੰਥੀਆਂ 9:22)। ਖ਼ੁਸ਼ਖ਼ਬਰੀ ਨੂੰ ਪ੍ਰਚਾਰ ਅਤੇ ਸਿੱਖਿਆ ਰਾਹੀਂ ਸਾਡੇ ਤਕ ਲਿਆਇਆ ਜਾਂਦਾ ਹੈ। 1 ਕੁਰਿੰਥੀਆਂ 1:21 ਕਹਿੰਦਾ ਹੈ, ‘‘ਇਸ ਲਈ ਕਿ ਜਦੋਂ ਪ੍ਰਮੇਸ਼ਵਰ ਦੇ ਗਿਆਨ ਤੋਂ ਐਉਂ ਹੋਇਆ ਭਈ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪ੍ਰਮੇਸ਼ਵਰ ਨੂੰ ਨਾ ਜਾਣਿਆ ਤਦ ਪ੍ਰਮੇਸ਼ਵਰ ਨੂੰ ਇਹ ਭਾਇਆ ਜੋ ਪ੍ਰਚਾਰ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਵੇ।’’

**ਪਾਪੀ ਦਾ ਯੋਗਦਾਨ**

ਇਕ ਅਰਥ ਵਿਚ, ਪਾਪੀ ਆਪਣਾ ਹੀ ਮੁਕਤੀਦਾਤਾ ਹੈ (ਰਸੂਲਾਂ ਦੇ ਕੰਮ 2:40)। ਉਹ ਕਿਵੇਂ? ਸੁਣ ਕੇ ਵਿਸ਼ਵਾਸ ਕਰਨ (ਮਰਕੁਸ 16:16; ਰੋਮੀਆਂ 10:17), ਤੌਬਾ ਕਰਨ (ਰਸੂਲਾਂ ਦੇ ਕੰਮ 17:30, 31; 2 ਕੁਰਿੰਥੀਆਂ 7:10), ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ (ਰੋਮੀਆਂ 10:10) ਅਤੇ ਬਪਤਿਸਮਾ ਲੈਣ (1 ਪਤਰਸ 3:21) ਨਾਲ।

ਮਨੁੱਖ ‘‘ਆਪਣੇ ਆਪ ਨੂੰ ਆਪੇ ਬਚਾਉਂਦੇ ਹਨ’’ ਅਤੇ ਉਨ੍ਹਾਂ ਨੂੰ ਬਚਾਉਣ ਵਾਲੀਆਂ ਗੱਲਾਂ ਨਾਲ ਉਹ ਬਚਾਏ ਜਾਂਦੇ ਹਨ, ਇਸ ਕਰਕੇ ਇਹਦਾ ਅਰਥ ਇਹ ਹੈ ਕਿ ਉਹ ਉਨ੍ਹਾਂ ਹੁਕਮਾਂ ਨੂੰ ਮੰਨ ਕੇ ਬਚਾਏ ਜਾਂਦੇ ਹਨ ਜੋ ਖ਼ੁਦਾ ਨੇ ਦਿੱਤੇ ਹਨ। ਯਕੀਨਨ, ਅਸੀਂ ਸਮਝ ਰੱਖਦੇ ਹਾਂ ਕਿ ਯਿਸੂ ਸਾਡਾ ਮੁਕਤੀਦਾਤਾ ਹੈ। ਮੁਕਤੀ ਦੀ ਯੋਜਨਾ ਵਿਚ ਇਹ ਕਦਮ ਸਾਨੂੰ ਸਿਰਫ਼ ਇਸ ਅਰਥ ਵਿਚ ਬਚਾਉਂਦਾ ਹੈ ਕਿ ਯਿਸੂ ਰਾਹੀਂ ਸਾਡੇ ਬਚਾਏ ਜਾਣ ਤੋਂ ਪਹਿਲਾਂ ਇਨ੍ਹਾਂ ਸ਼ਰਤਾਂ ਨੂੰ ਮੰਨਿਆ ਜਾਣਾ ਜ਼ਰੂਰੀ ਹੈ।

## ਮਨ ਬਦਲਣ ਅਤੇ ਨਾ ਬਦਲਣ ਵਿਚ ਫ਼ਰਕ

ਰਸੂਲਾਂ ਦੇ ਕੰਮ ਕਿਤਾਬ ਵਿਚ ਖ਼ੁਸ਼ਖ਼ਬਰੀ ਸੁਣਾਏ ਜਾਣ ਦੇ ਬਾਅਦ ਵਚਨ ਨੂੰ ਮੰਨਣ ਅਤੇ ਨਾ ਮੰਨਣ ਵਾਲਿਆਂ ਵਿਚ ਕੀ ਫ਼ਰਕ ਸੀ?

ਆਓ ਰਸੂਲਾਂ ਦੇ ਕੰਮ ਵਿਚ ਇਥੋਪੀਆ ਭਾਵ ਰਸੂਲਾਂ ਦੇ ਕੰਮ 8 ਅਧਿਆਇ ਵਿਚ ਕੂਸ਼ ਦੇਸ਼ ਦੇ ਉਸ ਅਧਿਕਾਰੀ ਦੀ ਘਟਨਾ 'ਤੇ ਗ਼ੌਰ ਕਰੀਏ। ਖ਼ੁਦਾ ਨੇ ਉਹਦੇ ਲਈ ਕੀ ਕੀਤਾ ਸੀ? ਭਲਾ ਉਹ ਉਹਨੂੰ ਪਿਆਰ ਕਰਦਾ ਸੀ? ਯਕੀਨਨ। ਭਲਾ ਮਸੀਹ ਉਹਦੇ ਲਈ ਮਰਿਆ ਸੀ? ਬੇਸ਼ੱਕ। ਭਲਾ ਪਵਿੱਤਰ ਆਤਮਾ ਨੇ ਉਹਦੇ ਲਈ ਕੁਝ ਕੀਤਾ? ਹਾਂ, ਉਹਨੇ ਇਕ ਪ੍ਰਚਾਰਕ ਨੂੰ ਉਹਨੂੰ ਇਹ ਕਹਾਣੀ ਸੁਣਾਉਣ ਦੀ ਪ੍ਰੇਰਣਾ ਦਿੱਤੀ ਸੀ। ਖ਼ੁਸ਼ਖ਼ਬਰੀ ਇਸ ਆਦਮੀ ਲਈ ਸੀ।

ਹੁਣ, ਆਓ ਰਸੂਲਾਂ ਦੇ ਕੰਮ 24 ਵਿਚ ਫ਼ੇਲਿਕਸ ਦੇ ਮਾਮਲੇ 'ਤੇ ਗ਼ੌਰ ਕਰਦੇ ਹਾਂ। ਉਹਦੀ ਮਨਬਦਲੀ ਨਹੀਂ ਹੋਈ ਸੀ। ਆਓ ਅਸੀਂ ਉਹਦੇ ਬਾਰੇ ਹੁਣ ਆਪਣੇ ਮਨ ਦੇ ਸਵਾਲ ਪੁੱਛਦੇ ਹਾਂ, ਕਿ ਖ਼ੁਦਾ ਨੇ ਉਹਦੇ ਲਈ ਕੀ ਕੀਤਾ? ਭਲਾ ਖ਼ੁਦਾ ਉਹਨੂੰ ਪਿਆਰ ਕਰਦਾ ਸੀ? ਹਾਂ। ਭਲਾ ਯਿਸੂ ਉਹਦੇ ਲਈ ਮਰਿਆ? ਬੇਸ਼ੱਕ। ਭਲਾ ਖ਼ੁਦਾ ਨੇ ਉਹਨੂੰ ਆਪਣੀ ਪ੍ਰੇਰਣਾ ਨਾਲ ਦਿੱਤਾ ਸੰਦੇਸ਼ ਦਿੱਤਾ? ਯਕੀਨਨ। ਖ਼ੁਦਾ ਨੇ ਫ਼ੇਲਿਕਸ ਲਈ ਉਹੀ ਕੁਝ ਕੀਤਾ ਜੋ ਉਹਨੇ ਇਥੋਪੀਆ ਦੇ ਆਦਮੀ ਲਈ ਕੀਤਾ ਸੀ। ਇਨ੍ਹਾਂ ਦੋਹਾਂ ਵਿਚ ਇਹ ਫ਼ਰਕ ਨਹੀਂ ਸੀ ਕਿ ਖ਼ੁਦਾ ਨੇ ਇਕ ਨੂੰ ਮੌਕਾ ਦਿੱਤਾ ਅਤੇ ਦੂਜੇ ਨੂੰ ਨਹੀਂ ਦੇ ਸਕਿਆ। ਉਹਨੇ ਦੋਹਾਂ ਨੂੰ ਮੌਕਾ ਦਿੱਤਾ।

ਫਿਰ ਫ਼ਰਕ ਦੋਹਾਂ ਦੀ ਗ੍ਰਹਿਣ ਸ਼ਕਤੀ ਵਿਚ ਵੀ ਨਹੀਂ ਸੀ ਕਿ ਇਕ ਗ੍ਰਹਿਣ ਕਰ ਸਕਦਾ ਸੀ ਅਤੇ ਦੂਜਾ ਨਹੀਂ। ਖ਼ੁਦਾ ਹਰ ਕਿਸੇ ਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੰਦਾ ਹੈ। ਜੇ ਪਾਪੀ ਇਸ ਨੂੰ ਗ੍ਰਹਿਣ ਨਹੀਂ ਕਰ ਸਕਦੇ ਤਾਂ ਖ਼ੁਸ਼ਖ਼ਬਰੀ ਦਾ ਸੱਦਾ ਇਕ ਮਜ਼ਾਕ ਹੋਣਾ ਸੀ।

ਭਲਾ ਮਨੁੱਖ ਦੇ ਯੋਗਦਾਨ ਵਿਚ ਫ਼ਰਕ ਸੀ? ਅਸੀਂ ਵੇਖਦੇ ਹਾਂ ਕਿ ਫ਼ਿਲਿੱਪੁਸ ਨੇ ਇਥੋਪੀਆ ਦੇ ਉਸ ਮਨੁੱਖ ਨੂੰ ਖ਼ੁਸ਼ਖ਼ਬਰੀ ਸੁਣਾਈ, ਪਰ ਪੌਲੁਸ ਨੇ ਵੀ ਤਾਂ ਫ਼ੇਲਿਕਸ ਨੂੰ ਸੁਣਾਈ ਸੀ। ਇਹ ਵੀ ਕੋਈ ਫ਼ਰਕ ਨਹੀਂ ਹੈ।

ਫਿਰ ਫ਼ਰਕ ਕੀ ਹੈ? ਇੱਕੋ ਫ਼ਰਕ ਪਾਪੀਆਂ ਵੱਲੋਂ ਇਸ ਨੂੰ ਗ੍ਰਹਿਣ ਕਰਨਾ ਹੈ। ਇਕ ਨੇ ਹੁਕਮ ਮੰਨਿਆ, ਜਦ ਕਿ ਦੂਜੇ ਨੇ ਨਹੀਂ। ਇਕ ਨੇ ਤੌਬਾ ਕਰ ਕੇ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਦੀ ਹਿੰਮਤ ਕੀਤੀ ਅਤੇ ਦੂਜੇ ਨੇ ਨਹੀਂ। ਇਕ ਪਾਣੀ ਵਿਚ ਜਾ ਕੇ ਬਪਤਿਸਮਾ ਲੈਣ ਨੂੰ ਤਿਆਰ ਸੀ ਜਦਕਿ ਦੂਜਾ ਨਹੀਂ।

## ਸਾਰ

ਤੁਸੀਂ ਜੇ ਅਜੇ ਬਚਾਏ ਨਹੀਂ ਗਏ ਹੋ ਤਾਂ ਇਹ ਇਸ ਕਰਕੇ ਨਹੀਂ ਹੈ ਕਿ ਖ਼ੁਦਾ ਨੇ ਤੁਹਾਡੇ ਲਈ ਕੁਝ ਨਹੀਂ ਕੀਤਾ ਜੋ ਉਹਨੇ ਹੋਰਨਾਂ ਨਾਲ ਕੀਤਾ ਹੈ। ਅਜਿਹਾ ਵੀ ਨਹੀਂ ਹੈ ਕਿ ਤੁਸੀਂ ਬਚਾਏ ਜਾਣ ਦੇ ਯੋਗ ਨਹੀਂ ਹੋ। ਇਹ ਵੀ ਨਹੀਂ ਕਿ ਦੂਜੇ ਲੋਕ ਤੁਹਾਡੇ ਕੋਲ ਬਚਾਏ ਜਾਣ ਦਾ ਸੁਨੇਹਾ ਲਿਜਾਣ ਦਾ ਇਨਕਾਰ ਕਰ ਦਿੱਤਾ ਹੋਵੇ। ਇਹ ਸਿਰਫ਼ ਇਸ ਕਰਕੇ ਹੈ ਕਿਉਂਕਿ ਤੁਸੀਂ ਬਚਾਏ ਜਾਣਾ ਨਹੀਂ ਚਾਹੁੰਦੇ ਹੋ (ਵੇਖੋ ਮੱਤੀ 23:37)।